# ਦਫਤਰ ਨਗਰ ਨਿਗਮ ਬਠਿੰਡਾ।

**ਰੇਲਵੇ ਰੋਡ,ਬਠਿੰਡਾ।**

ਫੋਨ:-0164-2252811-12

ਫੋਨ:-0164-2235246

ਮੇਲ:-cmcbathinda@gmail.com

---

ਨੰਬਰ:.................. ਮਿਤੀ:................................

ਕਿਰਤ ਵਿਭਾਗ,ਪੰਜਾਬ ਵੱਲੋਂ ਨਿਰਧਾਰਤ ਘੱਟੋਂ ਘੱਟ ਉਜਰਤਾਂ ਤੇ ਸਫਾਈ ਸੇਵਕ ਦੀ ਠੇਕੇ ਤੇ ਭਰਤੀ ਸਬੰਧੀ।

ਮਹਤੱਵਪੂਰਨ ਮਿਤੀ :------------------

**ਆਨਲਾਈਨ ਆਰਜ਼ੀਆਂ ਅਪਲਾਈ/ ਸਬਮਿੱਟ ਕਰਨ ਦੀ ਆਖਰੀ ਮਿਤੀ** : ____________________

1. 538 ਸਫਾਈ ਸੇਵਕਾ ਦੀ ਕਿਰਤ ਵਿਭਾਗ, ਪੰਜਾਬ ਵੱਲੋਂ ਨਿਰਧਾਰਤ ਘੱਟੋ ਘੱਟ ਉਜਰਤਾਂ/ਡੀ.ਸੀ. ਰੇਟ ਤੇ ਸਫਾਈ ਸੇਵਕਾ ਦੀ ਠੇਕੇ ਤੇ ਭਰਤੀ ਲਈ ਯੋਗ ਉਮੀਦਵਾਰਾਂ ਤੋਂ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ।

**2. ਸਫਾਈ ਸੇਵਕ ਦੀਆਂ ਅਸਾਮੀਆਂ ਦਾ ਵਰਗੀਕਰਣ:-**

| ਲੜੀ ਨੰਬਰ | ਵਰਗ | ਕੁੱਲ ਅਸਾਮੀਆ ਦੀ ਗਿਣਤੀ | ਕੁੱਲ ਅਸਾਮੀਆਂ ਵਿੱਚ ਇਸਤਰੀਆਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ। |
|---|---|---|---|
| 1 | ਆਮ (General) | 151 | 60 |
| 2 | ਆਰਥਿੱਕ ਤੋਰ ਤੇ ਕਮਜੋਰ ਵਰਗ(ਆਮ) (EWS) (General) | 37 | 16 |
| 3 | ਅਨੁਸੂਚਿਤ ਜਾਤੀ | 65 | 44 |
| 4 | ਪੱਛੜੀ ਸ਼੍ਰੇਣੀ (B.C) | 32 | 21 |
| 5 | ਸਾਬਕਾ ਫੌਜੀ-ਆਮ ਵਰਗ (ESM. Gen) | 16 | 22 |
| 6 | ਸਾਬਕਾ ਫੌਜੀ-(ਅਨੁਸੂਚਿਤ ਜਾਤੀ) | 21 | NIL |
| 7 | ਸਾਬਕਾ ਫੌਜੀ- ਪੱਛੜੀ ਸ਼੍ਰੇਣੀ | 11 | NIL |
| 8 | ਖਿਡਾਰੀ ਆਮ ਵਰਗ | 05 | 06 |
| 9 | ਖਿਡਾਰੀ (ਅਨੁਸੂਚਿਤ ਜਾਤੀ) | 05 | NIL |
| 10 | ਦਿਵਿਆਂਗਜਨ | 21 | NIL |
| 11 | ਸੁਤੰਤਰਤਾਂ ਸੰਗਰਾਮੀ | 05 | NIL |
| | **Total** | **538** | |

**ਨੋਟ: Fifty per cent of the vacancies of the quota reserved for Scheduled Casted in direct recruitment, shall be offered to Balmikis and Mazhbi Sikhs, if Available, as a first preference from amoungst the Scheduled Castes.**

3. **<u>ਫੀਸ ਦਾ ਵੇਰਵਾ:-</u>**

| | |
|---|---|
| ਆਮ ਵਰਗ/ਸੁਤੰਤਰਤਾ ਸੰਗਰਾਮੀ/ਖਿਡਾਰੀ | 500/-ਰੁਪਏ |
| ਐਸ.ਸੀ/ਬੀ.ਸੀ/ਆਰਖਿਕ ਤੌਰ ਤੇ ਕਮਜ਼ੋਰ ਵਰਗ | 100/-ਰੁਪਏ |
| ਸਾਬਕਾ ਫੌਜੀ ਅਤੇ ਆਸ਼ਰਿਤ | 200/- ਰੁਪਏ |
| ਦਿਵਿਆਂਗ (40% -70%) | 100/- ਰੁਪਏ |

**ਨੋਟ: 1). ਜੇਕਰ ਐਸ.ਸੀ/ਬੀ.ਸੀ. ਆਰਥਿੱਕ ਤੌਰ ਤੇ ਕਮਜੋਰ ਵਰਗ/ਸਾਬਕਾ ਫੌਜੀ ਅਤੇ ਆਸ਼ਰਿਤ, ਦਿਵਿਅਗ ਨਾਲ ਸਬੰਧਤ ਉਮੀਦਵਾਰ ਆਮ ਵਰਗ ਦੇ ਤੌਰ ਤੇ ਅਰਜੀ ਦਿੰਦੇ ਹਨ ਤਾਂ ਉਹਨਾਂ ਨੂੰ ਫੀਸ ਵੀ ਆਮ ਵਰਗ ਵਾਲੀ ਦੇਣੀ ਹੋਵੇਗੀ।**

**2). ਉਮੀਦਵਾਰਾਂ ਦੁਆਰਾ ਅਦਾ ਕੀਤੀ ਫੀਸ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤੀ ਜਾਵੇਗੀ।**

4. **<u>ਵਿਦਿਅੱਕ ਯੋਗਤਾ:-</u>**

1). ਉਮੀਦਵਾਰ ਨੂੰ ਪੜਨ- ਲਿਖਣ (ਲੀਟਰੇਟ) ਦੀ ਜਾਣਕਾਰੀ ਹੋਣਾ ਲਾਜ਼ਮੀ ਹੈ।

5. **<u>ਰਾਖਵਾਂਕਰਨ / Reservation ਸਬੰਧੀ ਮਹੱਤਵਪੂਰਨ ਹਦਾਇਤਾਂ:–</u>**

1). ਉਮੀਦਵਾਰ ਸ੍ਰੈਣੀ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਧਿਆਨ ਨਾਲ ਭਰਨ ਕਿਉਂ ਕਿ ਕਿਸੇ ਵੀ ਸਟੇਜ ਤੇ ਸ਼ੇਣੀ ਤਬਦੀਲ ਨਹੀਂ ਕੀਤੀ ਜਾ ਸਕੇਗਾ।

2). ਸ੍ਰੇਣੀ ਉੱਕਤ ਦਰਸਾਈਆਂ ਆਸਾਮੀਆਂ ਦੇ ਅਨੁਸਾਰ ਹੀ ਭਰਿਆ ਜਾਵੇ। ਉਮੀਦਵਾਰ ਕਿਸੇ ਵੀ ਅਜਿਹੇ ਸ੍ਰੇਣੀ ਵਿਰੁੱਧ ਅਪਲਾਈ ਨਾ ਕਰਨ ਜੋ ਉਪਰ ਦਰਸਾਈ ਸਾਰਣੀ ਵਿੱਚ ਦਰਜ ਨਹੀਂ ਕੀਤੀ ਗਈ।

3). ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਵਸਨੀਕਾਂ ਨੂੰ ਹੀ ਮਿਲਣਯੋਗ ਹੋਵੇਗਾ, ਇਸ ਲਈ ਸ਼ੇਣੀ ਭਰਨ ਸਮੇਂ ਉਮੀਦਵਾਰ ਇਸ ਗੱਲ ਦਾ ਧਿਆਨ ਰੱਖੇਗਾ। ਉਮੀਦਵਾਰ ਵੱਲੋਂ ਆਨਲਾਈਨ ਭਰੇ ਗਏ ਫਾਰਮ ਵਿੱਚ ਦਰਜ ਸ੍ਰੇਣੀ ਦੇ ਆਧਾਰ ਤੇ ਹੀ ਪਾਤਰਤਾ ਨੂੰ ਵਿਚਾਰਿਆ ਜਾਵੇਗਾ।

4). ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣ ਦਾ ਤਾਜਾ ਜਾਰੀ ਹੋਇਆ ਸਰਟੀਫਿਕੇਟ (Domicile Certificate)ਪੇਸ਼ ਕਰੇਗਾ। ਇਹ ਸਰਟਿਫਿਕੇਟ ਉਮੀਦਵਾਰ ਵੱਲੋਂ ਦਰਖਾਸਤ ਜਮਾਂ ਕਰਨ ਦੀ ਮਿਤੀ ਨੂੰ ਕਿਸੇ ਵੀ ਸਥਿਤੀ ਵਿੱਚ 5 ਸਾਲ ਤੋਂ ਪੁਰਾਣਾ ਨਹੀਂ ਹੋਣਾਂ ਚਾਹੀਂਦਾ।

5) ਅਨੁਸੂਚਿਤ ਜਾਤੀ/ ਪੱਛੜੀ ਸ੍ਰੇਣੀ/ ਸਾਬਕਾ ਫੌਜੀਆਂ/ ਆਰਥਿਕ ਤੌਰ ਤੇ ਕਮਜ਼ੋਰ ਵਰਗ ਦਾ ਸਰਟੀਫਿਕੇਟ ਪੰਜਾਬ ਸਰਕਾਰ ਦੀਆਂ ਪ੍ਰਚੰਲਿਤ ਹਤਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

6) ਉਮੀਦਵਾਰ ਕਾਉਸਲਿੰਗ ਸਮੇਂ ਅਤੇ ਹੋਰ ਕਿਸੇ ਵੀ ਸਟੇਜ ਤੇ ਨਗਰ ਨਿਗਮ ਦੀ ਮੰਗ ਅਨੁਸਾਰ ਸ੍ਰੇਣੀ ਨਾਲ ਸਬੰਧਤ ਹਰ ਤਰ੍ਹਾਂ ਦਾ ਪੁਖਤਾ (Valid) ਸਰਟੀਫਿਕੇਟ ਸਬੂਤ ਵੱਜੋਂ ਪੇਸ਼ ਕਰੇਗਾ। ਕਾਉਸਲਿੰਗ ਸਮੇਂ ਕਿਸ਼ ਵੀ ਲੋੜੀਂਦੇ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਉਪਰੋਕਤ ਆਸਾਮੀਆਂ ਲਈ ਨਹੀਂ ਵਿਚਾਰਿਆਂ ਜਾਵੇਗਾ ਅਤੇ ਮੈਰਿਟ ਲਿਸਟ ਵਿੱਚ ਮੌਜੂਦ ਅਗਲੇ ਯੋਗ ਉਮੀਦਵਾਰ ਨੂੰ ਵਿਚਾਰਦੇ ਹੋਏ ਉਸਦਾ ਨਾਮ ਨਿਯੁਕਤੀ ਲਈ ਵਿਚਾਰੀਆ ਜਾਵੇਗਾ।

7) ਜੇਕਰ ਕੋਈ ਉਮੀਦਵਾਰ ਉੱਕਤ ਆਸਾਮੀਆਂ ਲਈ ਅਜਿਹੀ ਸ੍ਰੇਣੀ ਕੋਡ ਦੇ ਵਿਰੁੱਧ ਅਪਲਾਈ ਕਰਦਾ ਹੈ ਜਿਸਦੀ ਸ੍ਰੇਣੀ ਇਸਤਿਹਾਰ ਵਿੱਚ ਸਾਮਿਲ ਨਾ ਕੀਤੀ ਹੋਵੇ, ਉਸ ਸਥਿਤੀ ਵਿੱਚ ਅਜਿਹੇ ਪਾਰਥੀ ਦੀ ਉਮੀਦਵਾਰਤਾ ਮੁੱਢ ਤੋਂ ਹੀ ਰੱਦ ਮੰਨੀ ਜਾਵੇਗੀ।

**ਨੋਟ:-1) ESM General ਅਤੇ ESM-SC ਅਤੇ ESM-BC ਦੀਆਂ ਆਸਾਮੀਆਂ ESM (Self) ਉਮੀਦਵਾਰਾਂ ਵਿੱਚੋਂ ਹੀ ਭਰੀਆਂ ਜਾਣਗੀਆਂ । ESM (Self) ਉਮੀਦਵਾਰ ਉਪਲਬੱਧ ਨਾ ਹੋਣ ਦੀ ਸਥਿਤੀ ਵਿੱਚ ਹੀ ਇਹ ਆਸਾਮੀ ESM (Dependent) ਉਮੀਦਵਾਰ ਵਿੱਚੋਂ ਭਰੀਆਂ ਜਾਣਗੀਆਂ।**

**2) ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ:08.05.2020 ਮੁਤਾਬਿਕ ਜੇਕਰ ਕਿਸੇ ਆਸਾਮੀ ਵਿਰੁੱਧ ਸਾਬਕਾ ਫੋਜੀ ਖੁਦ ਜਾਂ ਸਾਬਕਾ ਫੌਜੀ ਆਸ਼ਰਿਤ ਉਮੀਦਵਾਰ ਉਪਲਬੱਧ ਨਹੀਂ ਹੁੰਦਾ ਤਾਂ ਇਹ ਆਸਾਮੀ ਹੇਠ ਲਿਖੇ ਨਿਯਮ ਅਨੁਸਾਰ ਭਰੀ ਜਾਣੀ ਹੈ:-**

**In the Punjab Recruitment of Ex-serviceman Rules, 1982, in rule 4, in sub-rule (1) , for the existing third proviso, the following proviso shall be substituted namely:-**

**Provided further that when an ex-serviceman is not available for teh recruitment against a reserved vacancy and further no wife or dependent child of an Ex-serviceman is available for recruitment a reserved vacancy. Such a vacancy shall be reserved to be filled in by recruitment of the grand child of a Gallantry Award Winner, In case the benefit of reservation has not been availed for by any of the children of dependents of such winner or by the winner himself subject to the conditions specified in the second proviso."**

6) **ਉਮਰ ਸੀਮਾਂ:-**

ਉਪਰੋਕਤ ਆਸਾਮੀਆਂ ਲਈ ਉਮੀਦਵਾਰਾਂ ਦੀ ਉਮਰ ਸੀਮਾਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ:01.01………….. ਨੂੰ ਹੇਠ ਲਿਖੇ ਅਨੁਸਾਰ ਹੋਣੀ ਚਾਹੀਦੀ ਹੈ:–

1) ਜਨਰਲ ਸ਼੍ਰੇਣੀ ਦੇ ਉਮੀਦਵਾਰਾ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀ ਹੋਣੀ ਚਾਹੀਦੀ।

2) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਵਸਨੀਕ ਉਮੀਦਵਾਰਾਂ ਦੀ ਵੱਧ ਤੋਂ ਵੱਧ ਉਮਰ ਦੀ ਉਪਰਲੀ ਸੀਮਾ 42 ਸਾਲ ਹੋਵੇਗੀ।

3) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਮਰ ਦੀ ਉਪਰਲੀ ਸੀਮਾਂ ਵਿੱਚ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਆਂ 45 ਸਾਲ ਹੋਵੇਗੀ।

4) ਪੰਜਾਬ ਦੇ ਵਸਨੀਕ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਮਰ ਦੀ ਉਪਰਲੀ ਸੀਮਾ Punjab Recruitment of Ex-Serviceman Rules, 1982 ਵਿੱਚ ਸਮੇਂ ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਦੀ ਉਪਰਲੀ ਸੀਮਾਂ ਉਹਨਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਹਨਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ, ਜੇਕਰ ਸੇਵਾ ਰੂਲ ਅਨੁਸਾਰ ਆਸਾਮੀ ਦੀ ਉਮਰ ਦੀ ਉਪਰਲੀ ਸੀਮਾ ਤੋਂ 3 ਸਾਲ ਤੋਂ ਵੱਧ ਨਹੀਂ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਦੀ ਉਪਰਲੀ ਸੀਮਾ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

5) ਪੰਜਾਬ ਦੇ ਵਸਨੀਕ ਦਿਵਿਆਂਗ ਉਮੀਦਵਾਰਾਂ ਲਈ ਉਮਰ ਦੀ ਉਪਰਲੀ ਸੀਮਾਂ ਵਿੱਚ 08 ਸਾਲ ਦੀ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 45 ਸਾਲ ਹੋਵੇਗੀ।

6) ਪੰਜਾਬ ਸਰਕਾਰ ਵੱਲੋਂ ਪੱਤਰ ਨੰ: 1/50/83–5PP (1368)/3454 ਮਿਤੀ: 23.04.1984 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਵਿਧਵਾ, ਤਲਾਕਸ਼ੁਕਾ ਤੇ ਕੁਝ ਹੋਰ ਕੈਟਾਗਰੀ ਦੀਆਂ ਸ਼ਾਦੀਸ਼ੁਦਾ ਔਰਤਾਂ ਲਈ ਉਪਰਲੀ ਉਮਰ ਦੀ ਸੀਮਾ 40 ਹੋਵੇਗੀ।

7) ਜੇਕਰ ਉਮੀਦਵਾਰ ਪਹਿਲਾਂ ਤੋਂ ਹੀ ਇਸ ਨਗਰ ਨਿਗਮ ਵਿੱਖੇ ਸਬੰਧਤ ਆਸਾਮੀ (ਸਫਾਈ ਸੇਵਕ ) ਤੇ ਆਊਸੋਰਸ ਰਾਹੀਂ ਕੰਮ ਕਰ ਰਿਹਾ ਹੈ ਤਾਂ ਉਸਦੀ ਯੋਗਤਾ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਪੱਤਰ ਨੰਬਰ ਸ5–ਡਸਸ–ਮਸਸ–2021/33485 ਮਿਤੀ 18–08–2021 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਉਸ ਦੇ ਇਸ ਨਗਰ ਨਿਗਮ ਵਿਖੇ ਕੰਮ ਕਰਨ ਦੀ ਮਿਤੀ ਤੋਂ ਮਿੱਥੀ ਜਾਵੇਗੀ। ਇਸ ਨਗਰ ਨਿਗਮ ਵਿਖੇ ਸਬੰਧਤ ਆਸਾਮੀਂ ਤੇ ਕੰਮ ਕਰਨ ਦੇ ਸਬੂਤ ਵੱਜੋਂ ਉਮੀਦਵਾਰ ਨੂੰ ਸਬੰਧਤ ਠੇਕੇਦਾਰ/ਸਰਵਿਸ ਪ੍ਰੋਵਾਈਡਿਰ ਜਿਸ ਨੂੰ ਇਸ ਨਗਰ ਨਿਗਮ ਵੱਲੋਂ ਸਫਾਈ ਦਾ ਠੇਕਾ ਦਿੱਤਾ ਹੋਇਆ ਜਾਂ ਸੀਵਰ ਦੀ ਦੇਖਭਾਲ ਕਰਨ ਦਾ ਠੇਕਾ ਜਾਂ ਇਹਨਾਂ ਕੰਮਾਂ ਨੂੰ ਕਰਨ ਲਈ ਮੈਨਪਾਵਰ ਸਪਲਾਈ ਕਰਨ ਦਾ ਠੇਕਾ ਦਿੱਤਾ ਗਿਆ ਸੀ ਜਾਂ ਦਿੱਤਾ ਹੋਇਆ ਹੈ ਤੋਂ ਸਰਟੀਫਿਕੇਟ ਪ੍ਰਾਪਤ ਕਰਕੇ ਆਪਣੀ ਦਰਖਾਸਤ ਨਾਲ ਲਗਾਉਣਾ ਹੋਵੇਗਾ। ਜੇਕਰ ਕਿਸੇ ਉਮੀਦਵਾਰ ਵੱਲੋਂ ਉੱਕਤ ਸਰਟੀਫਿਕੇਟ ਉੱਕਤ ਦਰਸਾਈ ਅਥਾਰਟੀ ਜਾਂ ਏਜੰਸੀ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਤੋਂ ਇਲਾਵਾ ਕਿਸੇ ਹੋਰ ਅਦਾਰੇ/ ਏਜੰਸੀ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਪੇਸ਼ ਕੀਤੀ ਜਾਂਦਾ ਹੈ ਤਾਂ ਉਹ ਸਵਿਕਾਰ ਨਹੀ ਕੀਤਾ ਜਾਵੇਗਾ।

7). **ਚੋਣ ਵਿਧੀ:–**

1) ਉੱਕਤ ਆਸਾਮੀਆਂ ਲਈ ਸਫਲਤਾਪੂਰਵਕ ਬਿਨੇਕਾਰਾਂ ਵਾਲੇ ਉਮੀਦਵਾਰਾਂ ਦੀ ਚੋਣ ਉਹਨਾਂ ਦੀ ਵਿਦਿਅੱਕ ਯੋਗਤਾ (ਪੜਨਾ– ਲਿਖਣਾ ਜਾਣਦਾ ਹੋਵੇ) ( ਲੀਟਰੇਟ) ਅਤੇ ਮਿਡਲ ਪਾਸ ਅਤੇ ਉਸ ਪਾਸ ਸਬੰਪਤ ਆਸਾਮੀ ਤੇ ਕੰਮ ਕਰਨ ਦੇ ਤਜਰਬੇ ਦੇ ਆਧਾਰ ਤੇ ਕੀਤੀ ਜਾਵੇਗੀ। ਚੋਣ ਲਈ ਕੁੱਲ 100 ਅੰਕ ਰੱਖੇ ਗਏ ਹਨ। ਮੈਰਿਟ ਲਿਸਟ ਉਮੀਦਵਾਰਾਂ ਵੱਲੋਂ ਪ੍ਰਾਪਤ ਕੀਤੇ ਜਾਣ ਵਾਲੇ ਅੰਕਾਂ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ ਅਤੇ ਆਸਾਮੀਆਂ ਦੀ ਗਿਣਤੀ ਅਨੁਸਾਰ ਮੈਰਿਟ ਲਿਸਟ ਵਿੱਚ ਸ਼ਾਮਲ ਉਪਰਲੇ/ਜਿਆਦਾ ਅੰਕ ਲੈਣ ਵਾਲੇ ਉਮੀਦਵਾਰਾਂ ਨੂੰ ਚੁਣਿਆ ਜਾਵੇਗਾ। ਨਿਰਧਾਰਤ ਕੀਤੇ ਵੱਧ ਤੋਂ ਵੱਧ 100 ਅੰਕਾਂ ਵਿੱਚੋ ਵਿਦਿਅੱਕ ਯੋਗਤਾ ਅਤੇ ਤਜਰਬੇ ਦੇ ਅੱਕ ਹੇਠ ਲਿਖੇ ਅਨੁਸਾਰ ਹੋਣਗੇ:–

| ਵਿਦਿਅਕ ਯੋਗਤਾ/ਤਜਰਬਾ | ਅੰਕ |
|---|---|
| ਪੜ੍ਹਨਾ ਲਿਖਣਾ ਜਾਣਦਾ ਹੋਵੇ | 20 ਅੰਕ |
| ਤਜ਼ਰਬਾ 0–3 ਸਾਲ | 15 ਅੰਕ ਕੁੱਲ 35 ਅੰਕ |
| ਤਜ਼ਰਬਾ 3–5 ਸਾਲ | 15 ਅੰਕ ਕੁੱਲ 50 ਅੰਕ |
| ਤਜ਼ਰਬਾ 5–8 ਸਾਲ | 25 ਅੰਕ ਕੁੱਲ 75 ਅੰਕ |
| ਤਜ਼ਰਬਾ 8 ਸਾਲ ਤੋ ਵੱਧ | 25 ਅੰਕ ਕੁੱਲ 100 ਅੰਕ |

**ਨੋਟ: ਨਗਰ ਨਿਗਮ ਬਠਿੰਡਾ ਵੱਲੋਂ ਜਾਰੀ ਕੀਤੇ ਤਜ਼ਰਬਾ ਸਰਟੀਫਿਕੇਟ ਨੂੰ ਹੀ ਵਿੱਚਾਰੀਆਂ ਜਾਵੇਗਾ।**

2) ਮੈਰਿਟ ਲਿਸਟ ਵਿੱਚ ਇੱਕ ਤੋਂ ਵੱਧ ਉਮੀਦਵਾਰ ਵੱਲੋਂ ਬਰਾਬਰ ਅੰਕ ਹਾਸਲ ਕਰਨ ਵਾਲੇ ਉਮੀਦਵਾਰ ਦੀ ਜਨਮ ਮਿਤੀ ਨੂੰ ਵਿਚਾਰੀਆਂ ਜਾਵੇਗਾ ਅਤੇ ਵੱਧ ਉਮਰ ਵਾਲੇ ਉਮੀਦਵਾਰ ਦੀ ਮੈਰਿਟ ਉਪਰ ਮੰਨੀ ਜਾਵੇਗੀ।

8) <u>ਅਪਲਾਈ ਕਰਨ ਦੀ ਵਿਧੀ:–</u>

1) ਉਮੀਦਵਾਰ ਇਸ ਨਗਰ ਨਿਗਮ ਦੀ ਵੈਬ ਸਾਈਟ.....www.mcbathinda.com...... ਤੇ ਮੁਹੱਈਆਂ ਲਿੰਕ ਤੇ ਕਲਿੱਕ ਕਰਕੇ ਮਿਤੀ:......................... ਸ਼ਾਮ: ........................ ਵਜੇ ਤੱਕ ਕੇਵਲ ਆਨ ਲਾਈਨ ਹੀ ਅਪਲਾਈ ਕਰ ਸਕਦੇ ਹਨ। ਹੋਰ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਦਰਖਾਸਤ ਰੱਦ ਸਮਝੀ ਜਾਵੇਗੀ।

2) ਉਮੀਦਵਾਰ online Application from submit/ ਜਮ੍ਹਾਂ ਕਰਨ ਸਮੇਂ ਬਣਦੀ ਫੀਸ Net Banking, Credit Card,Debit Card ਰਾਹੀਂ ਜਮਾਂ ਕਰਵਾਉਣਗੇ। ਜੇਕਰ ਕਿਸੇ ਕਾਰਨ ਉਮੀਦਵਾਰ ਵੱਲੋਂ ਉਕਤ ਦਰਸਾਏ ਅਨੁਸਾਰ ਆਨਲਾਈਨ ਫੀਸ ਜਮ੍ਹਾਂ ਨਹੀ ਹੋ ਪਾਉਂਦੀ ਤਾਂ ਉਸ ਦੀ ਅਰਜੀ ਰੱਦ ਸਮਝੀ ਜਾਵੇਗੀ,ਜਮ੍ਹਾਂ ਨਾ ਹੋਣ ਦੀ ਸੂਰਤ ਵਿੱਚ ਨਗਰ ਨਿਗਮ ਦੀ ਕੋਈ ਜਿੰਮੇਵਾਰੀ ਨਹੀ ਹੋਵੇਗੀ।

3) ਉਮੀਦਵਾਰ ਦੁਆਰਾ ਲੋੜੀਂਦੀ ਫੀਸ ਜਮ੍ਹਾਂ ਕਰਵਾਉਣ ਉਪਰੰਤ ਹੀ ਆਨਲਾਈਨ ਅਪਲਾਈ ਕਰਨ ਦੀ ਪ੍ਰਕਿਰਿਆ ਮੁਕੰਮਲ ਹੋ ਸਕੇਗੀ ਅਤੇ ਆਨ ਲਾਈਨ ਐਪਲੀਕੇਸ਼ਨ ਫਾਰਮ ਸਵੀਕਾਰ ਕੀਤਾ ਜਾਵੇਗਾ।

4) ਜੇਕਰ ਉਮੀਦਵਾਰ ਵੱਲੋਂ ਆਨਲਾਈਨ ਫਾਰਮ ਭਰਨ ਸਮੇਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਸਿਰਫ Online Application from submit ਕਰਨ ਤੋਂ ਪਹਿਲਾਂ ਹੀ ਉਸ ਪਾਸ ਫਾਰਮ ਵਿੱਚ ਸੋਧ ਕਰਨ ਦਾ ਮੌਕਾ ਹੋਵੇਗਾ। ਉਮੀਦਵਾਰ ਦੁਆਰਾ ਇੱਕ ਵਾਰ online application from submit ਕਰਨ ਉਪਰੰਤ ਕਿਸੇ ਵੀ ਹਾਲਤ ਵਿੱਚ ਇਸ ਵਿੱਚ, ਕਿਸੇ ਵੀ ਤਰ੍ਹਾਂ ਦੀ ਸੋਧ ਨਹੀਂ ਕੀਤੀ ਜਾ ਸਕੇਗੀ ਅਤੇ ਨਾ ਹੀ ਭਵਿੱਖ ਵਿੱਚ ਸੋਧ ਕਰਨ ਸਬੰਧੀ ਉਮੀਦਵਾਰ ਦੀ ਕੋਈ ਪ੍ਰਤੀਬੇਨਤੀ/ ਮੰਗ ਦਫਤਰ ਵੱਲੋਂ ਸਵੀਕਾਰ ਕੀਤੀ ਜਾਵੇਗੀ।

5) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ ਛੋਟ ਨਹੀ ਦਿੱਤੀ ਜਾਵੇਗੀ ਤੇ ਫੀਸ ਦਾ ਭੁਗਤਾਨ ਨਾ ਕਰਨ ਦੀ ਹਾਲਤ ਵਿੱਚ ਉਸਦਾ ਐਪਲੀਕੇਸ਼ਨ ਫਾਰਮ ਅਧੂਰਾ ਸਮਝਦੇ ਹੋਵੇ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਉਸਦੀ ਅਰਜੀ/ਪਾਤਰਤਾ ਮੁੱਢ ਤੋਂ ਹੀ ਰੱਦ ਸਮਝੀ ਜਾਵੇਗੀ।

6) ਕਿਸੇ ਹੋਰ ਵਿੱਧੀ ਰਾਹੀਂ ਭੇਜੀ ਗਈ ਅਰਜੀ ਜਾਂ ਕਿਸੇ ਹੋਰ ਵਿੱਧੀ ਰਾਹੀਂ ਜਮ੍ਹਾਂ ਕਰਵਾਈ ਗਈ ਫੀਸ ਨੂੰ ਵੇਲਿਡ ਨਹੀਂ ਮੰਨਿਆਂ ਜਾਵੇਗਾ ਅਤੇ ਅਜਿਹੀ ਅਰਜੀ ਨੂੰ ਸਵੀਕਾਰ ਨਾ ਕਰਦੇ ਹੋਏ ਰੱਦ ਕਰ ਦਿੱਤਾ ਜਾਵੇਗਾ।

7) Net Banking, Credit card, Debit Card ਰਾਹੀਂ ਅਦਾ ਕੀਤੀ ਫੀਸ, ਕਿਸੇ ਵੀ ਕਾਰਨ ਕਰਕੇ ਅਸਫਲ ਹੋਣ ਦੀ ਸਥਿਤੀ ਵਿੱਚ ਉਮੀਦਵਾਰ ਦੀ ਅਰਜੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

**9) <u>ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾ:–</u>**

**ਹੇਠ ਦਰਸਾਈ ਕਿਸੇ ਵੀ ਸਥਿਤੀ ਵਿੱਚ ਉਮੀਦਵਾਰ ਨੂੰ ਅਯੋਗ ਕਰਾਰ ਦਿੰਦੇ ਹੋਏ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ:–**

1) ਪੂਰੀ ਫੀਸ ਪ੍ਰਾਪਤ ਨਾ ਹੋਣ ਜਾਂ ਨਿਰਧਾਰਤ ਵਿੱਧੀ ਅਨੁਸਾਰ ਫੀਸ ਜਮ੍ਹਾਂ ਨਾ ਕਰਵਾਉਣ।

2) ਬਿਨੈ ਪੱਤਰ ਵਿੱਚ ਅਧੂਰੀ ਜਾਂ ਗਲਤ ਸੂਚਨਾਂ ਭਰਨਾ।

3) ਆਨਲਾਈਨ ਬਿਨੈ ਕਰਨ ਦੀ ਪੂਰੀ ਪ੍ਰਕਿਰਿਆਂ ਮੁਕੰਮਲ ਨਾ ਕਰਨਾ।

4) ਲੋੜੀਂਦੀ ਵਿੱਦਿਆਕ ਯੋਗਤਾ, ਉਮਰ, ਰਾਖਵਾਂਕਰਨ ਜਾਂ ਭਰਤੀ ਦੀਆਂ ਹੋਰ ਸ਼ਰਤਾ ਪੂਰੀਆਂ ਨਾ ਕਰਨਾ।

5) ਆਨਲਾਈਨ ਅਪਲਾਈ ਦੀ ਪ੍ਰਕਿਰਿਆ ਦੀ ਥਾਂ ਕਿਸੇ ਹੋਰ ਪ੍ਰਕਿਰਿਆ ਰਾਹੀਂ ਅਪਲਾਈ ਕਰਨਾ।

6) ਤਕਨੀਕੀ ਕਾਰਨਾਂ ਕਰਕੇ ਆਨ–ਲਾਈਨ ਫੀਸ ਦਾ ਜਮ੍ਹਾਂ ਨਾ ਹੋਣਾ।

**10) <u>ਬਿਨੈਕਾਰਾਂ ਦੇ ਧਿਆਨ ਹਿੱਤ ਅਤਿ ਜਰੂਰੀ ਹਦਾਇਤਾਂ:–</u>**

1) ਨਗਰ ਨਿਗਮ ਵੱਲੋਂ ਆਸਮੀਆਂ ਦੀ ਗਿਣਤੀ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾ ਸਕਦੀ ਹੈ।

2) ਇਹਨਾਂ ਆਸਾਮੀਆਂ ਦੀ ਕੈਟਾਗਰੀ ਵਾਈਜ ਵੰਡ ਅਤੇ ਰਾਖਵਾਂਕਰਨ ਨਗਰ ਨਿਗਮ ਵੱਲੋਂ ਨਿਰਧਾਰਤ ਕੀਤੀ ਗਿਆ ਹੈ। ਇਹਨਾਂ ਆਸਾਮੀਆਂ ਲਈ ਹਰ ਸ਼੍ਰੇਣੀ ਲਈ ਰਾਖਵਾਂਕਰਨ ਪੰਜਾਬ ਸਰਕਾਰ ਦੀਆਂ, ਰਾਖਵਾਂਕਰਨ ਸਬੰਧੀ ਨੀਤੀ/ ਹਦਾਇਤਾਂ/ ਨਿਯਮਾਂ ਅਨੁਸਾਰ ਲਾਗੂ ਹੋਵੇਗਾ। Economic Weaker Sections ਲਈ ਰਾਖਵਾਂਕਰਨ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ,ਪੰਜਬਾ ਨੰ: 01–03–2019–ਆਰ.ਸੀ.1/120 ਮਿਤੀ: 28 ਮਈ, 2019 ਰਾਹੀਂ ਜਾਰੀ ਹਦਾਇਤਾਂ ਅਤੇ ਇਸ ਨੂੰ ਲਾਗੂ ਕਰਨ ਸਬੰਧੀ ਸਮੇਂ ਤੇ ਹੋਰ ਵੀ ਜਾਰੀ ਕੀਤਾਆਂ ਹਦਾਇਤਾਂ/ ਨਿਯਮਾਂ ਦੇ ਅਨੁਸਾਰ ਲਾਗੂ ਹੋਵੇਗਾ।

3) ਇਹਨਾਂ ਆਸਾਮੀਆਂ ਲਈ ਉਮੀਦਵਾਰ ਕੇਵਲ www.mcbathinda.com ਤੇ ਹੀ ਆਨਲਾਈਨ ਅਪਲਾਈ ਕਰ ਸਕਦੇ ਹਨ। ਇਸ ਤੋਂ ਬਿਨ੍ਹਾਂ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਅਰਜੀ ਰੱਦ ਸਮਝੀ ਜਾਵੇਗੀ।

੪) ਆਨਲਾਈਨ ਫਾਰਮ ਭਰਨ ਸਮੇਂ ਹੋਈ ਕਿਸੇ ਵੀ ਗਲਤੀ ਲਈ ਉਮੀਦਵਾਰ ਖੁਦ ਜਿੰਮੇਵਾਰ ਹੋਵੇਗਾ। ਨਗਰ ਨਿਗਮ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀ ਹੋਵੇਗੀ ਅਤੇ ਨਾ ਹੀ ਕਿਸੇ ਵੀ ਕਾਲਮ ਵਿੱਚ ਸੋਧ ਕੀਤੀ ਜਾਵੇਗੀ। ਉਮੀਦਵਾਰ ਵੱਲੋਂ ਇੱਕ ਵਾਰ ਭਰਿਆ ਗਿਆ ਡਾਟਾ ਕਿਸੇ ਵੀ ਹਾਲਤ ਵਿੱਚ ਬਦਲਣ ਦੀ ਆਗਿਆ ਨਹੀ ਹੋਵੇਗੀ।

5) ਉਮੀਦਵਾਰ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਹਨਾਂ ਆਸਾਮੀਆਂ ਲਈ ਖੁਦ ਆਨਲਾਈਨ ਅਪਲਾਈ ਕਰਨ। ਉਮੀਦਵਾਰ ਵੱਲੋਂ ਫਾਰਮ ਭਰਨ ਲਈ ਕਿਸੇ ਹੋਰ ਵਿਅਕਤੀ/ਸਾਈਬਰ ਕੈਫੇ ਅਟੈਂਡੇਟ ਦੀ ਮੱਦਦ ਲੈਣ ਦੀ ਸਥਿਤੀ ਵਿੱਚ ਕੋਈ ਵੀ ਗਲਤੀ ਹੋ ਜਾਣ ਉਪੰਰਤ ਕਿਸੇ ਵੀ ਹਾਲਤ ਵਿੱਚ ਫਾਰਮ ਦੇ ਕਿਸੇ ਵੀ ਕਾਲਮ ਵਿੱਚ ਸੋਧ ਨਹੀ ਕੀਤੀ ਜਾਵੇਗੀ।

6) ਉਮੀਦਵਾਰ ਵੱਲੋਂ ਅਧੂਰਾ ਫਾਰਮ ਭਰਨ ਜਾਂ ਆਨਲਾਈਨ ਬਿਨੈ ਕਰਨ ਦੀ ਪ੍ਰਕਿਰਿਆ ਪੂਰੀ ਨਾ ਕਰਨ ਜਾਂ ਲੋੜੀਂਦੇ ਦਸਤਾਵੇਜ ਅਪਲੋਂਡ ਨਾ ਕਰਨ ਦੀ ਸਥਿਤੀ ਵਿੱਚ ਉਸਦਾ ਬਿਨੈ ਪੱਤਰ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਉਸਨੂੰ ਇਹਨਾਂ ਆਸਾਮੀਆਂ ਲਈ ਉਮੀਦਵਾਰ ਨਹੀਂ ਮੰਨਿਆ ਜਾਵੇਗਾ।

7) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਲੋੜੀਂਦੇ ਸਰਟੀਫਿਕੇਟ (ਜਿਵੇਂ ਕਿ ਜਨਮ ਮਿਤੀ ਸਬੰਧੀ, ਵਿਦਿਅੱਕ ਯੋਗਤਾ, ਜਾਤੀ ਸਬੰਧੀ ਆਦਿ) ਸਕੈਨ ਕਰਕੇ ਵੈੱਬਸਾਈਟ ਤੇ ਦਰਸਾਈਆਂ ਹਦਾਇਤਾਂ ਮੁਤਾਬਕ ਨਾਲ ਹੀ ਅਪਲੋਡ ਕਰਨਗੇ।

8) ਉਮੀਦਵਾਰ ਸ਼੍ਰੇਣੀ ਅਤੇ ਇਸਦੇ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਧਿਆਨ ਨਾਲ ਭਰਨ ਕਿਉਕਿ ਕਿਸ ਵੀ ਸਟੇਜ ਤੇ ਸ਼੍ਰੇਣੀ-ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

9) ਵੱਖ-ਵੱਖ ਵਰਗਾਂ/ਸ਼੍ਰੇਣੀਆਂ ਦੀਆਂ ਆਸਾਮੀਆਂ ਉਸ ਵਰਗ/ਸ਼੍ਰੇਣੀ ਵਿੱਚ ਆਸਾਮੀਆਂ ਦੀ ਉਪੱਲਬਤਾ ਅਧੀਨ ਭਰੀਆ ਜਾਣਗੀਆਂ।

10) ਉਮੀਦਵਾਰ ਵੱਲੋਂ ਭਰਤੀ ਦੀ ਕਿਸੇ ਵੀ ਸਟੇਜ ਤੇ ਉਪਲਬੱਧ ਕਰਵਾਏ ਕਿਸੇ ਵੀ ਦਸਤਾਵੇਜ ਦੇ ਗਲਤ ਸਾਬਤ ਹੋਣ ਤੇ ਉਸਦਾ ਨਾਮ ਮੈਰਿਟ ਸੂਚੀ ਵਿੱਚੋਂ ਕੱਢ ਦਿੱਤਾ ਜਾਵੇਗਾ ਅਤੇ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ। ਅਜਿਹੇ ਉਮੀਦਵਾਰ ਵਿਰੁੱਧ ਨਿਯਮਾਂ ਅਨੁਸਾਰ ਕਾਨੂੰਨੀ ਕਰਵਾਈ ਵੀ ਆਰਭੀ ਜਾ ਸਕਦੀ ਹੈ।

11) ਉਮੀਦਵਾਰ ਕਾਊਸਲਿੰਗ ਸਮੇਂ ਲੋੜੀਂਦੀ ਵਿੱਦਿਅਕ ਯੋਗਤਾ/ਤਜਰਬੇ ਨਾਲ ਸਬੰਧਤ ਆਪਣੇ ਸਰਟੀਫਿਕੇਟ ਅਤੇ ਉਹਨਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਪੇਸ਼ ਕਰਨਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ। ਕਾਊਸਲਿੰਗ ਸਮੇਂ ਕਿਸੇ ਵੀ ਲੋੜੀਂਦੇ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਉਪਰੋਕਤ ਆਸਾਮੀਆਂ ਲਈ ਨਹੀ ਵਿਚਾਰਿਆ ਜਾਵੇਗਾ ਅਤੇ ਮੈਰਿਟ ਲਿਸਟ ਮੌਜੂਦ ਅਗਲੇ ਯੋਗ ਉਮੀਦਵਾਰ ਦਾ ਨਾਮ ਨਿਯੁਕਤੀ ਲਈ ਵਿਚਾਰਿਆ ਜਾਵੇਗਾ।

12) ਕਾਊਸਲਿੰਗ ਲਈ ਆਉਣ ਵਾਲੇ ਉਮੀਦਵਾਰ ਨੂੰ ਕੋਈ ਟੀ.ਏ/ਡੀ.ਏ ਅਦਾ ਨਹੀ ਕੀਤਾ ਜਾਵੇਗਾ।

13) ਉਮੀਦਵਾਰ ਦੁਆਰਾ ਇੱਕ ਵਾਰ ਅਦਾ ਕੀਤੀ ਫੀਸ ਨਗਰ ਨਿਗਮ/ਬੈਂਕ ਦੁਆਰਾ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤੀ ਜਾਵੇਗੀ।

14) ਇਸ ਭਰਤੀ ਸਬੰਧੀ ਨਗਰ ਨਿਗਮ ਵੱਲੋਂ ਭਵਿੱਖ ਵਿੱਚ ਜਾਰੀ ਕੀਤੀ ਕੋਈ ਵੀ ਸੋਧ/ਨੋਟਿਸ/Corrigendum ਇਸ ਭਰਤੀ ਤੇ ਲਾਗੂ ਹੋਵੇਗਾ ਅਤੇ ਉਮੀਦਵਾਰ ਇਸਦੀ ਪਾਲਣਾ ਕਰਨੀ ਯਕੀਨੀ ਬਨਾਉਣਗੇ।

15) ਇਸ ਭਰਤੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ਸੋਧ ਕਰਨ ਦਾ ਅਧਿਕਾਰ ਨਗਰ ਨਿਗਮ ਪਾਸ ਰਾਖਵਾਂ ਹੋਵੇਗਾ ਅਤੇ ਕਿਸੇ ਵੀ ਮਾਮਲੇ/ਵਿਸ਼ੇ ਸਬੰਧੀ ਨਗਰ ਨਿਗਮ ਦੁਆਰਾ ਗਠਿਤ ਕੀਤੀ ਕਮੇਟੀ ਦਾ ਫੈਸਲਾ ਅੰਤਿਮ ਅਤੇ ਸਾਰੇ ਉਮੀਦਵਾਰਾਂ ਤੇ ਲਾਗੂ ਹੋਵੇਗਾ।

16) ਇਸ ਭਰਤੀ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ-ਕਾਜ ਵਾਲੇ ਦਿਨ 10.00 ਏ.ਐਮ ਤੋਂ 04.00 ਪੀ.ਐਮ ਦੇ ਦਫਤਰੀ ਫੋਨ ਨੰ:........................................ ਤੇ ਸੰਪਰਕ ਕੀਤਾ ਜਾ ਸਕਦਾ ਹੈ।

17) ਇਸ ਇਸ਼ਤਿਹਾਰ/ਭਰਤੀ ਸਬੰਧੀ ਜੇਕਰ ਕੋਈ ਤਰੁੱਟੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੁਧਾਰਨ ਦਾ ਹੱਕ ਨਗਰ ਨਿਗਮ ਕੋਲ ਰਾਖਵਾਂ ਹੋਵੇਗਾ।

18) ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸਬੰਧੀ ਤਾਜਾ ਸਥਿਤੀ ਬਾਰੇ ਆਪਣੇ ਈ ਮੇਲ ਅਤੇ ਵੈਬ ਸਾਈਟ ਨੂੰ ਚੈੱਕ ਕਰਦੇ ਰਹਿਣ। ਉਮੀਦਵਾਰਾ ਨੂੰ ਕਿਸੇ ਵੀ ਤਰ੍ਹਾਂ ਦੀ ਸੋਧ ਸਬੰਧੀ ਵੱਖਰੇ ਤੌਰ ਤੇ ਸੂਚਿਤ ਨਹੀਂ ਕੀਤੀ ਜਾਵੇਗਾ।

19) ਉਮੀਦਵਾਰਾਂ ਦੀ ਤਿਆਰ ਕੀਤੀ ਮੈਰਿਟ ਲਿਸਟ ਇਕ ਸਾਲ ਲਈ ਵੇਲਿਡ ਹੋਵੇਗੀ ਭਾਵ ਇਸ ਨਗਰ ਨਿਗਮ ਨੂੰ ਜਰੂਰਤ ਹੋਣ ਤੇ ਮੇਰਿਟ ਲਿਸਟ ਵਿੱਚ ਸਾਮਲ ਉਮੀਦਵਾਰਾਂ ਵਿੱਚੋਂ ਮੇਰਿਟ ਦੇ ਆਧਾਰ ਤੇ ਮੇਰਿਟ ਜਾਰੀ ਹੋਣ ਦੀ ਮਿਤੀ ਤੋਂ ਇੱਕ ਸਾਲ ਤੱਕ ਉਮੀਦਵਾਰਾਂ ਦੀ ਨਿਯੁਕਤੀ ਕੀਤੀ ਜਾ ਸਕੇਗੀ।

20) ਨਗਰ ਨਿਗਮ ਬਠਿੰਡਾ ਦੇ ਕਰਮਚਾਰੀਆ ਨੂੰ ਇਸ ਵਿੱਚ ਪਹਿਲ ਦਿੱਤੀ ਜਾਵੇਗੀ।

21) ਖਿਡਾਰੀ ਵਰਗ ਦੇ ਕਰਮਚਾਰੀਆਂ ਨੂੰ ਸਟੇਟ ਲੈਵਲ ਦਾ ਸਰਟੀਫਿਕੇਟ ਹੋਣਾ ਜਰੂਰੀ ਹੈ।

22) ਜੋ ਉਮੀਦਵਾਰ ਦੀ ਚੋਣ ਹੋਵੇਗੀ, ਉਨ੍ਹਾਂ ਉਮੀਦਵਾਰਾ ਤੋ ਪਹਿਲਾ ਇਕ ਮਹੀਨੇ ਤੱਕ ਸਫਾਈ ਦਾ ਕੰਮ ਦਾ ਟ੍ਰਾਇਲ ਲਿੱਤਾ ਜਾਵੇਗਾ। ਉਸ ਉਪਰੰਤ ਨਿਯੁਕਤੀ ਪੱਤਰ ਜਾਰੀ ਕੀਤੇ ਜਾਣਗੇ।

**ਨਿਗਰਾਨ ਇੰਜੀਨੀਅਰ,**
**ਨਗਰ ਨਿਗਮ,ਬਠਿੰਡਾ।**

# <u>ਨਗਰ ਨਿਗਮ,ਬਠਿੰਡਾ।</u>

**ਆਸਾਮੀ ਦਾ ਨਾਮ:............................**

| Affix Latest Self Attested Passpost Size Photo |
|---|

| | | |
|---|---|---|
| 1. | ਉਮੀਦਵਾਰ ਦਾ ਨਾਮ | |
| 2. | ਪਿਤਾ/ਪਤੀ ਦਾ ਨਾਮ | |
| 3. | ਜਨਮ ਮਿਤੀ (ਸਬੂਤ ਨਾਲ ਨੱਥੀ) | |
| 4. | ਮਿਤੀ 01.01.2024 ਨੂੰ ਉਮਰ | |
| 5. | ਜਨਮ ਦਾ ਸਥਾਨ (ਜਿਲ੍ਹਾ ਅਤੇ ਰਾਜ) | |
| 6. | ਘਰ ਦਾ ਪੱਕਾ ਪਤਾ | |
| 7. | ਪੱਤਰ ਵਿਹਾਰ ਲਈ ਪਤਾ | |
| 8. | ਟੈਲੀਫੋਨ ਨੰਬਰ/ਮੋਬਾਇਲ ਨੰਬਰ | |
| 9. | ਕੈਟਾਕਰੀ (ਵਰਗੀਕਰਨ ਅਨੁਸਾਰ ਵਰਗ ਦਰਸਾਇਆ ਜਾਵੇ) | |
| 10. | ਕੌਮੀਅਤ (Nationality) | |
| 11. | ਵਿਦਿਅਕ ਯੋਗਤਾ | |

| ਪਾਸ ਪ੍ਰੀਖਿਆ ਦਾ ਨਾਮ | ਬੋਰਡ/ਸੰਸਥਾ ਯੂਨੀਵਰਸਿਟੀ | ਪ੍ਰੀਖਿਆ ਪਾਸ ਕਰਨ ਦਾ ਸਾਲ | ਕੁੱਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤ(%) |
|---|---|---|---|---|---|
| | | | | | |
| | | | | | |
| | | | | | |
| | | | | | |

12. ਕੀ ਪ੍ਰਾਰਥੀ/ ਉਮੀਦਵਾਰ ਪੜ-ਲਿਖ ਸਕਦਾ ਹੈ? ਹਾਂ ਜਾਂ ਨਹੀਂ (          )

13.ੳ) ਤਜਰਬਾ (ਕਦੋ ਤੋਂ ਕਦੋ ਤੱਕ) ਸੰਸਧਾ ਦਾ ਨਾਂ

**(ਨੋਟ: ਤਜਰਬਾ ਕਮਿਸ਼ਨਰ/ਕਾਰਜ ਸਾਧਕ ਅਫਸਰ/ਸੰਸਥਾ ਦੇ ਮੁੱਖੀ ਵੱਲੋਂ ਰਿਕਾਰਡ ਦੇ ਅਧਾਰ ਤੇ ਵੈਰੀਫਾਈ ਕੀਤਾ ਜਾਵੇਗਾ)**

ਅ) ਈ.ਪੀ.ਐਫ ਨੰਬਰ (ਜੇਕਰ ਹੈ ਤਾਂ)

ੲ) ਸੈਲਰੀ ਅਕਾਉਂਟ ਨੰਬਰ (ਬੈਂਕ ਡਿਟੇਲ)

**<u>ਸਵੈ ਘੋਸ਼ਣਾ</u>**

ਮੈਂ...................................ਪੁੱਤਰ/ਪੁੱਤਰੀ ਸ਼੍ਰੀ .................................ਉਮਰ....................(ਸਾਲ........) ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ...............................(ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਦਾ ਨਾਂ ਲਿਖਿਆ ਜਾਵੇ) ਦਾ ਪੱਕਾ ਵਸਨੀਕ ਹਾਂ। ਮੇਰੇ ਖਿਲਾਫ ਕੋਈ ਵੀ ਫੌਜਦਾਰੀ ਕੇਸ ਨਹੀਂ ਚੱਲ ਰਿਹਾ। ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾ ਅਤੇ ਨੱਥੀ ਦਸਤਾਵੇਜ ਠੀਕ ਅਤੇ ਸਹੀ ਹਨ। ਇਨ੍ਹਾਂ ਵਿਚ ਮੈਂ ਕੋਈ ਤੱਥ ਲੁਕਾਇਆ ਨਹੀਂ ਹੈ। ਜੇਕਰ ਮੇਰੇ ਵੱਲੋਂ ਦਿੱਤੀ ਗਈ ਸੂਚਨਾਂ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਸਮਰੱਥ ਅਥਾਰਟੀ ਨੂੰ ਮੇਰੇ ਵਿੱਰੁਥ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁੱਲ੍ਹ ਹੋਵੇਗੀ।

ਮਿਤੀ:

ਸਥਾਨ: 1.ਉਮੀਦਵਾਰ ਦੇ ਹਸਤਾਖਰ

2.ਅੰਗੂਠੇ ਦਾ ਨਿਸ਼ਾਨ

**ਨੱਥੀ ਦਸਤਾਵੇਜ** 1.

2.

3.

**ਨੋਟ:- <u>ਜੇਕਰ ਉਮੀਦਵਾਰ ਪੜ੍ਹ ਲਿਖ ਸਕਦਾ ਹੈ ਤਾਂ ਆਪਣੇ ਅੰਗੂਠੇ ਦਾ ਨਿਸ਼ਾਨ ਲਗਾਉਣ ਦੇ ਨਾਲ ਆਪਣੇ ਹਸਤਾਖਰ ਵੀ ਕਰੇ</u>।**

**ਚੈੱਕ ਲਿਸਟ:-**

| ਲੜੀ ਨੰਬਰ | ਦਸਤਾਵੇਜ/ਜੋ ਨੁਕਤਾ ਚੈਂਕ ਕੀਤਾ ਜਾਵੇ। | ਹਾਂ/ਨਹੀ | ਟਿੱਪਣੀ |
|---|---|---|---|
| 1 | ਉਮੀਦਵਾਰ ਦੀ ਫੋਟੋ | ਹਾਂ/ਨਹੀ | |
| 2 | ਪੜ੍ਹੇ ਲਿਖੇ ਹੋਣ ਦੇ ਸਬੂਤ ਵੱਜੋਂ ਸਰਟੀਫਿਕੇਟ | ਹਾਂ/ਨਹੀ | |
| 3 | ਅੱਠਵੀਂ/ਮਿਡਲ ਪਾਸ ਦਾ ਸਰਟੀਫਿਕੇਟ | ਹਾਂ/ਨਹੀ | ਜੇਕਰ ਉਮੀਦਵਾਰ ਪਾਸ ਅੱਠਵੀ/ਮਿਡਲ ਪਾਸ ਤੋਂ ਵੱਧ ਵਿਦਿੱਅਕ ਯੋਗਤਾ ਹੈ ਤਾਂ ਉਹ ਉਸਦੇ ਸਰਟੀਫਿਕੇਟ ਨੱਥੀ ਕਰ ਸਕਦਾ ਹੈ ਪ੍ਰੰਤੂ ਉਸਨੂੰ ਅੱਠਵੀਂ ਪਾਸ ਤੋਂ ਵੱਧ ਵਿਦਿੱਅਕ ਯੋਗਤਾ ਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ। |
| 4 | ਉਮਰ ਦਾ ਸਬੂਤ | ਹਾਂ/ਨਹੀ | ਉਮਰ ਦੇ ਸਬੂਤ ਵੱਜੋਂ ਵਿਦਿਅੱਕ ਯੋਗਤਾ ਦਾ ਸਰਟੀਫਿਕੇਟ ਜਿਸ ਵਿੱਚ ਉਮਰ ਦਰਸਾਈ ਹੋਵੇ ਜਾਂ ਜਨਮ ਸਰਟੀਫਿਕੇਟ ਜਾਂ ਆਧਾਰ ਕਾਰਡ ਜਾਂ ਡਰਾਈਵਿੰਗ ਲਾਇਸੈਂਸ, ਪਾਸਪੋਰਟ ਦੀ ਕਾਪੀ ਅਪਲੋਡ ਕੀਤੀ ਜਾਵਾ। |
| 5 | ਫੀਸ ਜਮਾਂ ਕਰਵਾ ਦਿੱਤੀ ਗਈ ਹੈ | ਹਾਂ/ਨਹੀ | |
| 6 | ਪੰਜਾਬ ਦਾ ਵਸਨੀਕ ਹੋਣ ਦਾ ਸਬੂਤ | ਹਾਂ/ਨਹੀ | ਪੰਜਾਬ ਦਾ ਵਸਨੀਕ ਹੋਣ ਦਾ ਸਬੂਤ ਸਮਰੱਥ ਅਥਾਰਟੀ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਜੋ ਦਰਖਾਸਤਾ ਜਮਾਂ ਕਰਨ ਦੀ ਮਿਤੀ ਨੂੰ 5 ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ। |
| 7 | ਰਾਖਵਾਂਕਰਨ ਸਬੰਧੀ ਸਰਟੀਫਿਕੇਟ | ਹਾਂ/ਨਹੀ | ਸਮਰੱਥ ਅਥਾਰਟੀ ਵੱਲੋਂ ਐਸ.ਸੀ./ਬੀ.ਸੀ./ਈ. ਡਬਲਿਊ.ਐਸ/ ਈ.ਐਸ.ਐਮ/ ਡਿਪੈਂਡੈਂਟ ਆਫ ਈ.ਐਸ.ਐਮ/ ਖਿਡਾਰੀ/ ਅੰਗਹੀਣ/ ਸੁੰਤਰਤਾ ਸੈਨਾਨੀ ਵਰਗ ਦਾ ਉਮੀਦਵਾਰ ਹੋਣ ਦਾ ਸਰਟੀਫਿਕੇਟ/ ਦਸਤਾਵੇਜ। |
| 8 | ਤਜਰਬਾ ਸਰਟੀਫਿਕੇਟ ਸਬੰਧੀ ਸਬੂਤ ਨੱਥੀ ਹੈ ਜਾਂ ਨਹੀਂ | ਹਾਂ/ਨਹੀ | ਤਜਰਬਾ ਸਰਟੀਫਿਕੇਟ ਕਿਸੇ ਸਰਕਾਰੀ ਵਿਭਾਗ/ਅਰਧ ਸਰਕਾਰੀ ਵਿਭਾਗ/ ਪੀ.ਐਸ.ਯੂ/ ਸਰਕਾਰ ਦੇ ਅਧੀਨ ਆਉਂਦੇ ਬੋਰਡਾਂ/ ਕਾਰਪੋਰੇਸਨਾਂ ਅਤੇ ਸਰਕਾਰ ਦੇ ਅਧੀਨ ਆਉਂਦੇ ਹੋਰ ਅਧਾਰੇ ਦਾ ਜਾਂ ਇਨ੍ਹਾਂ ਦਫਤਰਾਂ ਵਿੱਚ ਸੈਨੀਟੇਸਨ ਦਾ ਕੰਮ ਕਰਨ ਵਾਲੇ ਠੇਕੇਦਾਰ ਵੱਲੋਂ ਜਾਰੀ ਹੋਣਾ ਲਾਜਮੀ ਹੈ। ਤਜਰਬਾ ਸਰਟੀਫਿਕੇਟ ਵਿੱਚ ਉਮੀਦਵਾਰ ਦਾ ਈ.ਪੀ.ਐਫ. ਨੰਬਰ ਅਤੇ ਸੈਲਰੀ ਅਕਾਂਉਟ ਨੰਬਰ ਦਰਸਾਇਆ ਜਾਣਾ ਲਾਜਮੀ ਹੈ। |
| 9 | ਦਿਵਿਆਂਗ ਸਬੰਧੀ ਸਬੂਤ (ਸਰਟੀਫਿਕੇਟ) ਨੱਥੀ ਹੈ ਜਾਂ ਨਹੀ | ਹਾਂ/ਨਹੀ | |
| 10 | ਈ.ਪੀ.ਐਫ.ਨੰਬਰ | ਹਾਂ/ਨਹੀ | ਸਿਰਫ ਉਨ੍ਹਾਂ ਉਮੀਦਵਾਰਾਂ ਲਈ ਜੋ ਪਹਿਲਾਂ ਤੋਂ ਹੀ ਇਸ ਨਗਰ ਨਿਗਮ ਵਿੱਖੇ ਆਉਟਸੋਰਸ/ਠੇਕੇਦਾਰ ਰਾਹੀਂ ਕੰਮ ਕਰ ਰਹੇ ਹਨ/ਕੰਮ ਕਰ ਚੁੱਕੇ ਹਨ ਅਤੇ ਇਸਦਾ ਲਾਭ ਲੈਣ ਦੇ ਚਾਹਵਾਨ ਹਨ। |
| 11 | ਸੈਲਰੀ ਅਕਾਂਉਟ ਨੰਬਰ | ਹਾਂ/ਨਹੀ | ਸਿਰਫ ਉਨ੍ਹਾਂ ਉਮੀਦਵਾਰਾਂ ਲਈ ਜੋ ਪਹਿਲਾਂ ਤੋਂ ਹੀ ਇਸ ਨਗਰ ਨਿਗਮ ਵਿੱਖੇ ਆਉਟਸੋਰਸ/ਠੇਕੇਦਾਰ ਰਾਹੀਂ ਕੰਮ ਕਰ ਰਹੇ ਹਨ/ਕੰਮ ਕਰ ਚੁੱਕੇ ਹਨ ਅਤੇ ਇਸਦਾ ਲਾਭ ਲੈਣ ਦੇ ਚਾਹਵਾਨ ਹਨ। |

3. **ਸ਼੍ਰੇਣੀ ਕੋਡ (Category Codes):-**

**ਵੱਖ-ਵੱਖ ਸ਼੍ਰੇਣੀਆਂ ਦੇ ਕੋਡ ਹੇਠ ਲਿਖੇ ਅਨੁਸਾਰ ਹਨ। ਉਮੀਦਵਾਰਾਂ ਵੱਲੋਂ ਅਪਲਾਈ ਕਰਨ ਸਮੇਂ ਸ਼੍ਰੇਣੀ ਕੋਡ ਸਪੱਸਟ ਰੂਪ ਵਿੱਚ ਦਰਸਾਇਆ ਜਾਵੇ:-**

| ਲੜੀ ਨੰ: | ਵਰਗ/ Category | Code |
|---|---|---|
| 1) | ਆਮ (General) | |
| 2) | ਆਰਥਿੱਕ ਤੋਰ ਤੇ ਕਮਜੋਰ ਵਰਗ(ਆਮ) (EWS) (General) | |
| 3) | ਅਨੁਸੂਚਿਤ ਜਾਤੀ(ਮਜਬੀ ਅਤੇ ਬਾਲਮੀਕੀ) (S.C) (M&B) | |
| 4) | ਅਨੁਸੂਚਿਤ ਜਾਤੀ (ਰਾਮਦਾਸੀਆਂ ਤੇ ਹੋਰ) (S.C) (R&O) | |
| 5) | ਪੱਛੜੀ ਸ਼੍ਰੇਣੀ (B.C) | |
| 6) | ਸਾਬਕਾ ਫੌਜੀ-ਆਮ ਵਰਗ (ਖੁਦ) (ESM. Gen,Self) | |
| 7) | ਸਾਬਕਾ ਫੌਜੀ-ਆਮ ਵਰਗ (ਆਸ਼ਰਤ) (ESM. Gen,Depedent) | |
| 8) | ਸਾਬਕਾ ਫੌਜੀ (ਅਨੁਸੂਚਿਤ ਜਾਤੀ (ਮਜਬੀ ਅਤੇ ਬਾਲਮੀਕੀ) (ਖੁਦ)(ESM,S.C) (M&B)(SELF) | |
| 9) | ਸਾਬਕਾ ਫੌਜੀ (ਅਨੁਸੂਚਿਤ ਜਾਤੀ (ਮਜਬੀ ਅਤੇ ਬਾਲਮੀਕੀ) (ਆਸ਼ਰਿਤ) (ESM.S.C) (M&B) (DEPENDENT) | |
| 10) | ਸਾਬਕਾ ਫੌਜੀ (ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ ) (ਖੁਦ) (ESM,S.C)(R & O) (SELF) | |
| 11) | ਸਾਬਕਾ ਫੌਜੀ(ਅਨੁਸੂਚਿਤ ਜਾਤੀ (ਰਾਮਦਾਸੀਆਂ ਤੇ ਹੋਰ) (ਆਸ਼ਰਿਤ) (ESM,S.C) (R & O) (DEPENDENT) | |
| 12) | ਸਾਬਕਾ ਫੋਜੀ- ਪੱਛੜੀ ਸ਼੍ਰੇਣੀ (ਖੁਦ) (E.S.M.B.C) (SELF) | |
| 13) | ਸਾਬਕਾ ਫੌਜੀ-ਪੱਛੜੀ ਸ਼੍ਰੇਣੀ (ਆਸ਼ਰਿਤ) (E.S.M.B.C) (DEPENDENT) | |
| 14) | ਖਿਡਾਰੀ ਆਮ ਵਰਗ (SPORTS GENERAL) | |
| 15) | ਖਿਡਾਰੀ (ਅਨੁਸੂਚਿਤ ਜਾਤੀ (ਮਜਬੀ ਅਤੇ ਬਾਲਮੀਕੀ) ( SPORTS S.C) (M & B) | |
| 16) | ਖਿਡਾਰੀ ( ਅਨੁਸੂਚਿਤ ਜਾਤੀ ( ਰਾਮਦਾਸੀਆ ਤੇ ਹੋਰ) (SPORTS S.C) ( R & O) | |
| 17) | ਦਿਵਿਆਂਗਜਨ (ਆਰਥੋ) (HANDICAPPED) (ORTHO) | |
| 18) | ਦਿਵਿਆਂਗਜਨ (ਗੁੰਗੇ ਅਤੇ ਬੋਲੇ) (HANDICAPPED) (DEAF AND HARD OF HEARING) | |
| 19) | ਦਿਵਿਆਂਗਜਨ (ਲੋਕੋਮੋਟਰ ਅਪਾਹਜਤਾ) (HANDICAPPED) (LOCOMOTOR DISABILITY) | |
| 20) | ਦਿਵਿਆਂਗਜਨ (ਬੋਧਿਕ ਅਪਾਹਜਤਾ) (HANDICAPPED) (INTELLECTURAL DISABILITY) | |
| 21) | ਸੁਤੰਤਰਤਾਂ ਸੰਗਰਾਮੀ (FREEDOM FIRHTERS) | |